

# ਪ੍ਰਸਿੱਧ ਕੀਰਤਨਕਾਰ ਬੀਬੀਆਂ

ਪਦਮ ਸ਼੍ਰੀ

ਭਾਈ ਨਿਰਮਲ ਸਿੰਘ ਖ਼ਾਲਸਾ

ਸਿੱਖ ਕੀਰਤਨ ਪਰੰਪਰਾ ਵਿਚ
ਉੱਘਾ ਯੋਗਦਾਨ ਪਾਉਣ ਵਾਲੀਆਂ

# ਪ੍ਰਸਿੱਧ ਕੀਰਤਨਕਾਰ ਬੀਬੀਆਂ

**ਏਸੇ ਕਲਮ ਤੋਂ :**

- *ਗੁਰਮਤਿ ਸੰਗੀਤ ਦੇ ਅਨਮੋਲ ਰਤਨ*
- *ਮੇਲ ਓ ਰੱਬਾ* (ਛਪਾਈ-ਅਧੀਨ)
- *ਦਾਸਤਾਂ-ਏ-ਪ੍ਰਚਾਰਕ ਸ਼੍ਰੇਣੀ* (ਛਪਾਈ-ਅਧੀਨ)

ਸਿੱਖ ਕੀਰਤਨ ਪਰੰਪਰਾ ਵਿਚ
ਉੱਘਾ ਯੋਗਦਾਨ ਪਾਉਣ ਵਾਲੀਆਂ

# ਪ੍ਰਸਿੱਧ ਕੀਰਤਨਕਾਰ ਬੀਬੀਆਂ

ਪਦਮ ਸ਼੍ਰੀ
**ਭਾਈ ਨਿਰਮਲ ਸਿੰਘ ਖ਼ਾਲਸਾ**

**ਸਿੰਘ ਬ੍ਰਦਰਜ਼**
ਅੰਮ੍ਰਿਤਸਰ

SIKH KĪRTAN PRAMPRĀ VICH
UGHĀ YOGDĀN PĀOṆ WĀLĪĀṄ
PARSIDH KĪRTANKĀR BĪBĪĀṄ
[Profiles of Prominent Women Singers of His Glory]

*by*

PADAM SHRI
BHAI NIRMAL SINGH KHALSA
H.No. 3, ST. No. 8, SHAHEED UDHAM SINGH NAGAR,
SRI AMRITSAR - 143 001 (PB.) INDIA
TELE : 91-98159-92135
E-MAIL : bhainirmalsingh@yahoo.com

© ਲੇਖਕ

ISBN 81-7205-505-6

ਪਹਿਲੀ ਵਾਰ ਜੁਲਾਈ 2013

**ਮੁੱਲ : 250-00 ਰੁਪਏ**

ਪ੍ਰਕਾਸ਼ਕ :

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਿਤ

**ਉਹਨਾਂ ਸਤਿਕਾਰਯੋਗ ਪਾਕਿ-ਰੂਹਾਂ, ਸਮੁੱਚੀਆਂ ਸਿਦਕੀ ਤੇ ਧਰਮੀ ਮਾਤਾਵਾਂ ਨੂੰ**

ਜਿਨ੍ਹਾਂ ਨੇ ਤਮਾਮ ਉੱਚ ਕੋਟੀ ਦੇ ਰਬਾਬੀਆਂ, ਰਾਗੀਆਂ, ਢਾਡੀਆਂ, ਕੀਰਤਨੀਆਂ ਅਤੇ ਸਤਿਕਾਰਤ ਸਿੱਖ-ਕੀਰਤਨਕਾਰ ਬੀਬੀਆਂ ਨੂੰ ਆਪਣੀ ਸੁਲੱਖਣੀ ਕੁੱਖ ਤੋਂ ਜਨਮ ਦੇ ਕੇ, ਸਮੁੱਚੀ ਸਿੱਖ ਕੌਮ ਦੀ ਝੋਲੀ 'ਚ ਬੇਸ਼ਕੀਮਤੀ ਹੀਰਿਆਂ ਦਾ ਦਾਨ ਪਾ ਦਿੱਤਾ।

# ਤਤਕਰਾ

*ਦੋ ਸ਼ਬਦ* —ਬੀਬੀ ਕਿਰਨਜੋਤ ਕੌਰ 9

*ਬਹੁ-ਅਯਾਮੀ ਸ਼ਖ਼ਸੀਅਤ : ਭਾਈ ਨਿਰਮਲ ਸਿੰਘ ਖ਼ਾਲਸਾ*
—ਸ. ਤੀਰਥ ਸਿੰਘ ਢਿੱਲੋਂ 11

*ਕੁਛ ਇਹ ਵੀ* —ਲੇਖਕ 16

- ਮਾਤਾ ਸੁੰਦਰੀ ਜੀ 21
- ਡਾ. ਨਿਵੇਦਿਤਾ ਸਿੰਘ 25
- ਬੀਬੀ ਆਸ਼ੂਪ੍ਰੀਤ ਕੌਰ 29
- ਬੀਬੀ ਬਲਵਿੰਦਰ ਕੌਰ 35
- ਬੀਬੀ ਅਸੀਸ ਕੌਰ, ਦੀਦਾਰ ਕੌਰ 39
- ਬੀਬੀ ਸਤਿਵੀਰ ਕੌਰ ਬਟਾਲੇ ਵਾਲੇ 43
- ਬੀਬੀ ਪ੍ਰਭਜੋਤ ਕੌਰ 47
- ਪ੍ਰੋ. ਜਸਲੀਨ ਕੌਰ 51
- ਬੀਬੀ ਰਵਿੰਦਰ ਕੌਰ 'ਖ਼ਾਲਸਾ' 55
- ਬੀਬੀ ਹਰਬੀਰ ਕੌਰ 59
- ਬੀਬੀ ਸ਼ਰਨਦੀਪ ਕੌਰ 63
- ਬੀਬੀ ਜਸਮੀਤ ਕੌਰ 67
- ਬੀਬੀ ਮਨਪ੍ਰੀਤ ਕੌਰ 71
- ਬੀਬੀ ਤਰਨਦੀਪ ਕੌਰ 75
- ਬੀਬੀ ਦਿਲਜੀਤ ਕੌਰ 81
- ਬੀਬੀ ਗੁਰਦੀਸ਼ ਕੌਰ 85
- ਮੀਰੀ ਪੀਰੀ ਖ਼ਾਲਸਾ ਜਥਾ 89
- ਬੀਬੀ ਅਨੀਤ ਕੌਰ (ਆਸਟ੍ਰੇਲੀਆ) 95

- ਬੀਬੀ ਕਮਲਦੀਪ ਕੌਰ (ਆਸਟ੍ਰੇਲੀਆ) 99
- ਡਾ. ਜਸਬੀਰ ਕੌਰ 103
- ਪ੍ਰੋ. ਬੀਬੀ ਗੁਰਸ਼ਰਨ ਕੌਰ 109
- ਬੀਬੀ ਡਾ. ਜਤਿੰਦਰ ਕੌਰ 113
- ਬੀਬੀ ਇਸ਼ਵਨੀਕ ਕੌਰ 117
- ਬੀਬੀ ਜਸਪ੍ਰੀਤ ਕੌਰ 123
- ਬੀਬੀ ਸਵਰਲੀਨ ਕੌਰ 127
- ਬੀਬੀ ਜਸਕਿਰਨ ਕੌਰ 133
- ਬੀਬੀ ਨਵਨੀਤ ਕੌਰ 137
- ਬੀਬੀ ਪ੍ਰਨੀਤ ਕੌਰ 141
- ਪ੍ਰੋ. ਕਮਲਜੀਤ ਕੌਰ 147
- ਬੀਬੀ ਡਾ. ਵਰਿੰਦਰ ਕੌਰ 151
- ਬੀਬੀ ਡਾ. ਹਰਜੱਸ ਕੌਰ 157
- ਬੀਬੀ ਹਰਮਨਪ੍ਰੀਤ ਕੌਰ 163
- ਬੀਬੀ ਡਾ. ਰਸਵਿੰਦਰ ਕੌਰ 'ਖ਼ਾਲਸਾ' 167
- ਬੀਬੀ ਡਾ. ਹਰਮਿੰਦਰ ਕੌਰ 173
- ਬੀਬੀ ਅਮਰਜੀਤ ਕੌਰ 179
- ਬੀਬੀ ਗੁਰਪ੍ਰੀਤ ਕੌਰ 183
- ਬੀਬੀ ਡਾ. ਹਰਮੀਤ ਕੌਰ (ਦਿੱਲੀ) 189
- ਬੀਬੀ ਮਨਜੀਤ ਕੌਰ (ਪਟਿਆਲਾ) 193
- ਡਾ. ਗੁਰਿੰਦਰ ਕੌਰ (ਦਿੱਲੀ) 199
- ਡਾ. ਬਲਜੀਤ ਕੌਰ 'ਖ਼ਾਲਸਾ' 203
- ਬੀਬੀ ਸੰਦੀਪ ਕੌਰ (ਫ਼ਿਰੋਜ਼ਪੁਰ) 209
- ਬੀਬੀ ਰਾਜੇਸ਼ਵਰ ਕੌਰ 213
- ਬੀਬੀ ਪਵਨਪ੍ਰੀਤ ਕੌਰ, ਸੁਰਪ੍ਰੀਤ ਕੌਰ 219

# ਦੋ ਸ਼ਬਦ

ਕੀਰਤਨ ਤਿੰਨ ਚੀਜ਼ਾਂ ਦਾ ਸੁਮੇਲ ਹੈ—ਫਲਸਫਾ, ਕਾਵਿ-ਰਚਨਾ ਅਤੇ ਸੰਗੀਤ। ਇਹ ਇਕ ਅਨੋਖਾ ਮੇਲ ਹੈ, ਜੋ ਕਿਸੇ ਧਰਮ ਵਿਚ ਘੱਟ ਹੀ ਮਿਲਦਾ ਹੈ। ਗੁਰਬਾਣੀ ਨੂੰ ਵਿਸ਼ੇਸ਼ ਰਾਗਾਂ ਵਿਚ ਵਿਉਂਤਬੱਧ ਕਰ ਕੇ ਸੰਗੀਤ ਨੂੰ ਅਜਿਹੇ ਸਾਧਨ ਵਜੋਂ ਵਰਤਿਆ ਗਿਆ ਹੈ, ਜੋ ਮਨ ਨੂੰ ਇਕਾਗਰ ਕਰਨ ਵਿਚ ਸਹਾਈ ਹੋਵੇ ਅਤੇ ਆਤਮਾ ਨੂੰ ਬੁਲੰਦੀਆਂ ਵੱਲ ਪ੍ਰੇਰੇ। ਗੁਰਮਤਿ ਸੰਗੀਤ ਬਾਣੀ ਦਾ ਅਨਿੱਖੜਵਾਂ ਅੰਗ ਹੈ, ਜਿਸ ਉਪਰ ਮੁਹਾਰਤ ਪਾਉਣ ਲਈ ਲੰਬਾ ਸਮਾਂ ਕਰੜੀ ਘਾਲਣਾ ਘਾਲਣੀ ਪੈਂਦੀ ਹੈ।

ਗੁਰੂ-ਘਰ ਦੇ ਰਾਗੀ ਸਿੰਘ ਤਾਂ ਬਹੁਤ ਹਨ, ਪਰ ਸਿੰਘਣੀਆਂ ਦੇ ਜਥੇ ਵਿਰਲੇ ਹੀ ਹਨ। ਪਦਮ ਸ਼੍ਰੀ ਭਾਈ ਨਿਰਮਲ ਸਿੰਘ ਜੀ ਖ਼ਾਲਸਾ, ਪਥ-ਪ੍ਰਦਰਸ਼ਕ ਕਾਰਜ ਕਰਦਿਆਂ ਬੜੀ ਮਿਹਨਤ ਨਾਲ ਸਿੱਖ ਇਸਤਰੀ ਕੀਰਤਨਕਾਰਾਂ ਦੀ ਸੂਚੀ, ਵੇਰਵੇ ਸਹਿਤ ਸੰਗਤ ਦੇ ਰੂ-ਬ-ਰੂ ਕਰ ਰਹੇ ਹਨ। ਆਮ ਤੌਰ 'ਤੇ ਸਿੱਖ ਇਸਤਰੀਆਂ ਗੁਰਦੁਆਰਿਆਂ ਵਿਚ ਇਸਤਰੀ ਸਤਿਸੰਗ ਸਭਾ ਦੇ ਹਫ਼ਤਾਵਾਰੀ ਜਾਂ ਮਾਸਿਕ ਦੀਵਾਨਾਂ ਵਿਚ ਹੀ ਕੀਰਤਨ ਕਰਦੀਆਂ ਹਨ। ਬਹੁਤੀ ਵਾਰੀ ਰਾਗ, ਗੁਰਮਤਿ ਸੰਗੀਤ ਤੋਂ ਅਨਜਾਣ ਪਰ ਸ਼ਰਧਾ ਵਿਚ ਲਬਰੇਜ਼ ਬੀਬੀਆਂ ਸ਼ਬਦ ਪੜ੍ਹਦੀਆਂ ਹਨ। ਪਰ ਭਾਈ ਨਿਰਮਲ ਸਿੰਘ ਜੀ ਨੇ ਹਥਲੀ ਪੁਸਤਕ ਵਿਚ ਸਿਰਫ਼ ਉਨ੍ਹਾਂ ਹੁਨਰਮੰਦ ਬੀਬੀਆਂ ਬਾਰੇ ਚਾਨਣਾ ਪਾਇਆ ਹੈ, ਜਿਨ੍ਹਾਂ ਗੁਰਮਤਿ ਸੰਗੀਤ ਵਿਚ ਵਿੱਦਿਆ ਹਾਸਲ ਕੀਤੀ ਹੈ ਅਤੇ ਕੁਦਰਤ ਨੇ ਉਨ੍ਹਾਂ ਨੂੰ ਕੋਮਲ ਕਲਾ ਦੀ ਬਖ਼ਸ਼ਿਸ਼ ਵੀ ਕੀਤੀ ਹੈ। ਪਰ ਹੁਣ ਇਨ੍ਹਾਂ ਇਸਤਰੀ ਕੀਰਤਨਕਾਰਾਂ ਨੂੰ ਪੰਥਕ ਸਟੇਜਾਂ ਅਤੇ ਗੁਰਮਤਿ ਸਮਾਗਮਾਂ ਦਾ ਅਨਿੱਖੜਵਾਂ ਅੰਗ ਬਣਾਉਣਾ ਸਿੱਖ ਕੌਮ ਅਤੇ ਕੌਮ ਦੀ ਨੁਮਾਇੰਦਾ ਜਥੇਬੰਦੀ ਦੀ ਜ਼ਿੰਮੇਵਾਰੀ ਬਣਦੀ ਹੈ।

ਗੁਰਮਤਿ ਅਨੁਸਾਰ ਮਨੁੱਖੀ ਜਾਮੇ ਦਾ ਭਾਵ ਨਰ ਅਤੇ ਨਾਰੀ ਦਾ ਫ਼ਰਕ ਅਰਥਹੀਣ ਹੈ। ਗੁਰਮਤਿ ਸਿਧਾਂਤ ਅਨੁਸਾਰ "ਠਾਕੁਰੁ ਏਕੁ ਸਬਾਈ ਨਾਰਿ" ਸੰਸਾਰ ਵਿਚ ਪੁਰਖ ਕੇਵਲ ਪਰਮਾਤਮਾ ਆਪ ਹੈ, ਮਨੁੱਖ ਉਸ ਦੀ ਨਾਰੀ ਹੈ। ਸੰਸਾਰ ਵਿਚ ਮਨੁੱਖ ਇਸਤਰੀ ਅਤੇ ਪੁਰਖ ਰੂਪ ਵਿਚ ਇਕ ਦੂਜੇ ਦੇ ਪੂਰਕ ਹਨ। "ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ॥" ਅਜੋਕੇ ਯੁਗ ਵਿਚ ਸਿੱਖ ਇਸਤਰੀਆਂ ਦਾ ਗੁਰਮਤਿ ਸੰਗੀਤ ਵੱਲ ਮੁੜਨਾ ਕੌਮ ਲਈ ਸ਼ੁਭ ਸੰਕੇਤ ਹੈ।





ਉਨ੍ਹਾਂ ਦੀ ਅਸਲ ਹੌਂਸਲਾ ਅਫ਼ਜ਼ਾਈ ਤਾਂ ਉਸ ਦਿਨ ਹੋਵੇਗੀ, ਜਦੋਂ ਗੁਣੀਜਨ ਇਸਤਰੀ ਕੀਰਤਨਕਾਰਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਕੀਰਤਨ ਕਰਨ ਦਾ ਸੱਦਾ ਦਿੱਤਾ ਜਾਵੇਗਾ।

ਮੇਰੀ, ਕੌਮ ਦੀਆਂ ਇਨ੍ਹਾਂ ਹੋਣਹਾਰ ਇਸਤਰੀ ਕੀਰਤਨਕਾਰਾਂ ਲਈ ਅਰਦਾਸ ਹੈ ਕਿ ਇਹ ਸਿੱਖ ਇਸਤਰੀਆਂ ਲਈ ਰੋਲ-ਮਾਡਲ ਬਣ ਕੇ ਉਭਰਨ ਅਤੇ ਸਿੱਖ ਧਰਮ ਵਿਚ ਇਹ ਇਕ ਨਵੇਂ ਦੌਰ ਦੀ ਆਰੰਭਤਾ ਦਾ ਮੁੱਢ ਬੰਨ੍ਹਣ।

**ਕਿਰਨਜੋਤ ਕੌਰ**
*ਮੈਂਬਰ,*
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

# ਬਹੁ-ਅਯਾਮੀ ਸ਼ਖ਼ਸੀਅਤ :
# ਭਾਈ ਨਿਰਮਲ ਸਿੰਘ ਖ਼ਾਲਸਾ

ਜਦੋਂ ਵੀ ਗੁਰਮਤਿ ਸੰਗੀਤ ਦੇ ਖੇਤਰ ਵਿਚ, ਰਾਗਬੱਧ, ਸਰੋਦੀ, ਸੁਰ, ਤਾਲ ਅਤੇ ਲੈਅ ਭਰਪੂਰ, ਰਸਗੁੱਝੇ ਤੇ ਇਲਾਹੀ ਕੀਰਤਨ ਦਾ ਜ਼ਿਕਰ ਛਿੜਦਾ ਹੈ ਤਾਂ ਇਕ ਨਾਂ ਜਿਹੜਾ ਬੜੇ ਸਤਿਕਾਰ, ਪਿਆਰ, ਅਦਬ ਅਤੇ ਖ਼ਲੂਸ ਨਾਲ, ਜ਼ਿਹਨ ਵਿਚ ਉੱਭਰ ਕੇ ਦਸਤਕ ਦਿੰਦਾ ਹੈ, ਉਹ ਨਾਂ ਹੈ, ਗੁਰੂ-ਸਵਾਰੇ ਕੀਰਤਨੀਏ, ਸ਼੍ਰੋਮਣੀ ਰਾਗੀ ਪਦਮ ਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਦਾ। ਵਿਲੰਬਿਤ ਵਿਚ, ਕਲਾਤਮਕ ਮੰਗਲਾਚਰਣ ਤੋਂ ਲੈ ਕੇ ਰਾਗਦਾਰੀ ਦੇ ਕ੍ਰਿਸ਼ਮੇ ਨਮੂਦਾਰ ਕਰਦਿਆਂ, ਸਮਾਪਤੀ ਤਕ ਕੀਰਤਨ ਵਿਚ ਰਾਗ ਦੇ ਸ਼ੁੱਧ ਸਰੂਪ ਦੀ ਨਿਰੰਤਰਤਾ, ਉਨ੍ਹਾਂ ਦੀ ਗਾਇਨ-ਸ਼ੈਲੀ ਦੀ ਪਰਪੱਕਤਾ ਦੀ ਨਿਸ਼ਾਨੀ ਅਤੇ ਖ਼ੂਬੀ ਹੈ।

ਸ਼ੋਹਰਤੇ-ਆਲਮਗੀਰ ਦੇ ਮਾਲਿਕ, ਦੀਦਾਰੀ ਕੀਰਤਨੀਏ ਭਾਈ ਨਿਰਮਲ ਸਿੰਘ ਖ਼ਾਲਸਾ ਦਾ ਜਨਮ ਸ. ਚੰਨਣ ਸਿੰਘ ਗਿਆਨੀ ਦੇ ਘਰ, ਮਾਤਾ ਗੁਰਦੇਵ ਕੌਰ ਦੀ ਸੁਲੱਖਣੀ ਕੁੱਖੋਂ 12 ਅਪ੍ਰੈਲ, 1952 ਨੂੰ ਆਪਣੇ ਨਾਨਕੇ ਪਿੰਡ ਜੰਡਵਾਲਾ ਭੀਮੇਸ਼ਾਹ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਖੇ ਹੋਇਆ। ਬਾਲਕ ਨਿਰਮਲ ਸਿੰਘ ਦਾ ਪਰਿਵਾਰ ਖੇਤੀਬਾੜੀ ਕਰਦਾ ਸੀ। ਲਿਹਾਜ਼ਾ ਬਾਪੂ ਨੇ ਪੁੱਤਰ ਨੂੰ ਵੀ ਵੱਗ ਚਾਰਨ ਭੇਜ ਦੇਣਾ। ਖੁੱਲ੍ਹੇ ਖੇਤਾਂ ਵਿਚ, ਜੂਹਾਂ ਵਿਚ, ਅਲਬੇਲੇ ਬਾਲਕ ਨੇ ਉੱਚੀ ਹੇਕ ਨਾਲ ਗਾਉਣਾ ਤਾਂ ਰਾਹ ਜਾਂਦੇ ਰਾਹੀਆਂ ਨੇ ਖਲੋ ਜਾਣਾ, ਸੁਣਨਾ ਅਤੇ ਸ਼ਾਬਾਸ਼ ਦੇਣੀ। ਅਸੀਸਾਂ ਦੇ ਢੇਰ ਲੱਗ ਗਏ। ਬਾਲਕ ਨੂੰ ਸੰਗੀਤ ਦੀ ਡਾਢੀ ਮੱਸ ਸੀ। ਬਾਪੂ ਜੀ ਉਹਨੂੰ ਵਾਹੀ ਦੇ ਕੰਮ ਹੀ ਲਾਈ ਰੱਖਣਾ ਚਾਹੁੰਦੇ ਸਨ, ਪਰ ਮਾਂ ਨੇ ਪਿਆਰ-ਵੱਸ ਅਤੇ ਬਾਲਕ ਦੀ ਸੰਗੀਤ ਪ੍ਰਤੀ ਸ਼ਿੱਦਤ ਵੇਖ ਕੇ ਉਸ ਦੇ ਬਾਪੂ ਤੋਂ ਵੀ ਤਾਲੀਮ ਦਿਵਾਉਣ ਲਈ ਹਾਮੀ ਭਰਵਾ ਲਈ। ਬੱਸ ਏਸੇ ਸੁਭਾਗੇ ਦਿਨ ਤੋਂ ਸ਼ੁਰੂ ਹੁੰਦਾ ਏ, ਇਸ ਮਹਾਨ ਕੀਰਤਨੀਏਂ ਦਾ ਸੰਗੀਤ ਸਫ਼ਰ। ਸਕੂਲੀ ਤਾਲੀਮ ਉਪਰੰਤ ਉਹਨਾਂ ਅੰਮ੍ਰਿਤਸਰ ਜਾ ਡੇਰੇ ਲਾਏ ਅਤੇ ਉਸ ਵੇਲੇ ਦੇ ਪ੍ਰਸਿੱਧ ਸੰਗੀਤ ਆਚਾਰੀਆ ਪ੍ਰੋ. ਅਵਤਾਰ ਸਿੰਘ ਨਾਜ਼ ਦੀ ਕਦਮਬੋਸੀ ਕਰਦਿਆਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਅਤੇ ਸੰਗੀਤ ਦਾ ਡਿਪਲੋਮਾ 1974-76 ਵਿਚ ਕੀਤਾ। ਆਪ ਦੇ ਦੂਸਰੇ ਸੰਗੀਤ ਉਸਤਾਦ ਸੰਸਾਰ ਪ੍ਰਸਿੱਧ ਗ਼ਜ਼ਲ ਸਮਰਾਟ ਗ਼ੁਲਾਮ ਅਲੀ ਜੀ ਪਾਕਿਸਤਾਨ ਹਨ। ਭਾਈ ਸਾਹਿਬ ਦੇ ਦੱਸਣ ਅਨੁਸਾਰ ਕੀਰਤਨ ਦੇ ਖੇਤਰ ਵਿਚ ਉਹਨਾਂ ਦੇ ਪ੍ਰੇਰਨਾ ਸ੍ਰੋਤ ਬਣੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਉਸ ਵੇਲੇ

ਦੇ ਹਜ਼ੂਰੀ ਰਾਗੀ ਭਾਈ ਗੁਰਬਚਨ ਸਿੰਘ, ਜਿਹੜੇ ਆਪ ਦੇ ਚਾਚਾ ਜੀ ਹਨ, ਅੱਜ-ਕੱਲ੍ਹ ਉਹ ਅਮਰੀਕਾ ਵਿਚ ਨਿਵਾਸ ਰੱਖਦੇ ਹਨ।

ਕੁਝ ਸਮਾਂ ਭਾਈ ਨਿਰਮਲ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਨਾਲ ਸਹਾਇਕ ਰਾਗੀ ਵਜੋਂ ਸੇਵਾ ਨਿਭਾਈ। ਇਸ ਉਪਰੰਤ ਉਹਨਾਂ ਆਪਣਾ ਖ਼ੁਦ ਦਾ ਰਾਗੀ ਜਥਾ ਬਣਾਇਆ ਅਤੇ ਰੋਹਤਕ, ਰਿਸ਼ੀਕੇਸ਼, ਤਰਨ ਤਾਰਨ, ਬੁੱਢਾ ਜੌਹੜ (ਰਾਜਸਥਾਨ) ਅਤੇ ਅਨੇਕਾਂ ਹੋਰਨਾਂ ਥਾਵਾਂ 'ਤੇ ਬਤੌਰ ਹਜ਼ੂਰੀ ਰਾਗੀ ਅਤੇ ਸੰਗੀਤ ਅਧਿਆਪਕ ਦੀ ਡਿਊਟੀ ਕੀਤੀ। 1979 ਵਿਚ ਆਪ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਨਿਯੁਕਤ ਕੀਤਾ ਗਿਆ ਅਤੇ ਆਪ ਨੇ ਕਈ ਵਰ੍ਹੇ ਇਸ ਸੇਵਾ ਨੂੰ ਬਾਖ਼ੂਬੀ ਸਰਅੰਜ਼ਾਮ ਦੇ ਕੇ ਸੰਗਤਾਂ ਵਿਚ ਆਪਣਾ ਵਿਸ਼ੇਸ਼ ਮੁਕਾਮ ਬਣਾ ਲਿਆ।

ਭਾਈ ਸਾਹਿਬ ਨਿਰਮਲ ਸਿੰਘ ਦੀ ਆਵਾਜ਼ ਰਾਗਦਾਰੀ ਲਈ ਬੜੀ ਢੁੱਕਵੀਂ ਅਤੇ ਸਾਧੀ ਹੋਈ ਆਵਾਜ਼ ਹੈ। ਇਸ ਆਵਾਜ਼ ਦੇ ਦਾਮਨ ਵਿਚ ਤਮਾਮ-ਤਰ ਫ਼ੰਨੀ (ਕਲਾਤਮਕ) ਖ਼ੂਬੀਆਂ ਅਤੇ ਖ਼ਾਸੂਸੀਆਤ ਬੇਸ਼ਤਰ ਤੌਰ 'ਤੇ ਮੌਜੂਦ ਹਨ। ਉਹਨਾਂ ਦੀ ਆਵਾਜ਼ ਹਰਕਤੀ, ਕੁਦਰਤੀ, ਲਰਜ਼ਈ, ਮੁਰਕਈ ਅਤੇ ਮੁਗ਼ਲਈ (ਭਾਰੀ ਤਾਕਤਵਰ ਅਤੇ ਪ੍ਰੌੜ੍ਹ) ਆਵਾਜ਼ ਹੈ। ਲਹਿਨੇ-ਦਾਊਦੀ ਵਰਗੀ ਗੱਲ, ਜਿਵੇਂ ਧਰਤੀ ਦੀ ਹਿੱਕ 'ਚੋਂ ਕੋਈ ਚਸ਼ਮਾ ਫੁੱਟ ਪਿਆ ਹੋਵੇ ਅਤੇ ਝਰਨੇ ਦੀ ਝਰਨਾਹਟ ਜਿਥੋਂ ਕੋਲੋਂ ਲੰਘਦਿਆਂ ਦੇ ਮਨ ਵਿਚ ਸੰਗੀਤਕ ਤਰੰਗਾਂ ਛੇੜ ਕੇ ਉਸ ਨੂੰ ਵਿਸਮਾਦੀ ਬਣਾ ਰਹੀ ਹੋਵੇ, ਨਾਲ ਹੀ ਆਪਣੇ ਨਿਰਮਲ ਆਬ ਨਾਲ ਤ੍ਰਿਪਤ ਵੀ ਕਰ ਰਹੀ ਹੋਵੇ। ਉਹਨਾਂ ਨੂੰ ਕੀਰਤਨ ਸ਼ੈਲੀ ਦੇ ਨਾਲ ਨਾਲ ਕਲਾਸੀਕਲ ਰਾਗਦਾਰੀ ਉੱਤੇ ਮੁਕੰਮਲ ਅਬੂਰ ਹਾਸਲ ਹੈ। ਕੀਰਤਨ ਦੇ ਨਾਲ ਨਾਲ ਉਹ ਖ਼ਿਆਲ (ਛੋਟਾ-ਵੱਡਾ), ਟੱਪਾ, ਠੁਮਰੀ, ਦਾਦਰਾ, ਧਰੁਪਦ, ਧਮਾਰ, ਹੋਰੀ, ਕਵਾਲੀ, ਪੜਤਾਲ, ਤਰਾਨਾ ਵਗ਼ੈਰਾ ਬਾਖ਼ੂਬੀ ਗਾਇਨ ਕਰਨ ਦੇ ਸਮਰੱਥ ਹਨ। ਗਾਇਨ ਦੌਰਾਨ ਉਹ ਵਿਚ ਵਿਚ ਰਾਗ ਦਾ ਗੁਲਦਸਤਾ ਜਿਹਾ ਬਣਾਈ ਤੁਰੇ ਜਾਂਦੇ ਸਮਾਂ ਬੰਨ੍ਹ ਦਿੰਦੇ ਹਨ। ਭਾਈ ਨਿਰਮਲ ਸਿੰਘ ਖ਼ਾਲਸਾ ਨੇ ਗੁਰਮਤਿ ਕੀਰਤਨ ਸ਼ੈਲੀ ਨੂੰ ਅਪਣਾਇਆ ਹੀ ਨਹੀਂ, ਸਗੋਂ ਇਸ ਦੇ ਪ੍ਰਚਾਰ-ਪ੍ਰਸਾਰ ਲਈ ਵੀ ਮੋਹਰੀ ਰੋਲ ਅਦਾ ਕਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਸਬ-ਕਮੇਟੀ ਦੇ ਸਿਰਕੱਢ ਮੈਂਬਰ ਵਜੋਂ ਉਹਨਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਤੰਤੀ ਸਾਜ਼ਾਂ ਨਾਲ ਪੁਰਾਤਨ ਕੀਰਤਨ ਪਰੰਪਰਾ ਲਈ ਸ਼੍ਰੋਮਣੀ ਕਮੇਟੀ ਦੇ ਸੁਯੋਗ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੇ ਇਸਰਾਰ ਤੇ ਬਹਾਲੀ ਵਰਗਾ ਨਿਵੇਕਲਾ ਉਪਰਾਲਾ ਕੀਤਾ। ਉਹ ਰਾਗੀ ਸਿੰਘਾਂ ਦੇ ਹੱਕਾਂ ਲਈ ਹਮੇਸ਼ਾ ਤਤਪਰ ਰਹਿੰਦੇ ਹਨ।

ਭਾਈ ਨਿਰਮਲ ਸਿੰਘ ਖ਼ਾਲਸਾ, ਆਲ ਇੰਡੀਆ ਰੇਡੀਓ, ਜਲੰਧਰ ਦੀ ਸੰਗੀਤਕ ਚੋਣ ਕਮੇਟੀ ਦੇ ਵੀ ਮੈਂਬਰ ਹਨ। ਉਹ ਸ਼੍ਰੋਮਣੀ ਐਵਾਰਡਾਂ ਬਾਰੇ (ਭਾਸ਼ਾ ਵਿਭਾਗ, ਪੰਜਾਬ) ਦੀ ਆਲ੍ਹਾ-ਸਤਹੀ ਕਮੇਟੀ ਦੇ ਵੀ ਤਿੰਨ ਸਾਲ ਮੈਂਬਰ ਰਹੇ। ਆਪ ਗੁਰਬਾਣੀ ਮੀਡੀਆ ਦੇ ਡਾਇਰੈਕਟਰ ਵੀ ਹਨ। ਜਿਥੇ ਉਹਨਾਂ ਦੀ ਨਿਰੰਤਰ ਘਾਲਣਾ

ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਉਹਨਾਂ ਨੂੰ 'ਸ਼੍ਰੋਮਣੀ ਰਾਗੀ' ਵਜੋਂ ਸਨਮਾਨਿਤ ਕੀਤਾ, ਉਥੇ ਨਾਲ ਹੀ ਭਾਸ਼ਾ ਵਿਭਾਗ, ਪੰਜਾਬ ਵੱਲੋਂ ਵੀ ਵਕਾਰੀ 'ਸ਼੍ਰੋਮਣੀ ਰਾਗੀ ਐਵਾਰਡ' ਨਾਲ ਨਿਵਾਜਿਆ ਗਿਆ। ਉਹ ਸਿੱਖ ਪੰਥ ਦੇ ਪਹਿਲੇ ਕੀਰਤਨੀਏ ਹਨ, ਜਿਹਨਾਂ ਨੂੰ ਦੇਸ਼ ਦੇ ਰਾਸ਼ਟਰਪਤੀ (ਹੁਣ ਸਾਬਕਾ) ਸ਼੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਮਾਣਮੱਤੇ 'ਪਦਮ ਸ਼੍ਰੀ' ਐਵਾਰਡ ਨਾਲ ਰਾਸ਼ਟਰਪਤੀ ਭਵਨ ਵਿਚ ਹੋਏ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਸਨਮਾਨਿਤ ਕੀਤਾ। ਭਾਈ ਨਿਰਮਲ ਸਿੰਘ ਇਸ ਸਨਮਾਨ ਨੂੰ ਸਮੁੱਚੇ ਕੀਰਤਨੀਆਂ ਦਾ ਸਨਮਾਨ ਦੱਸਦੇ ਹਨ। ਇਹ ਵੀ ਉਨ੍ਹਾਂ ਦੀ ਹਲੀਮੀ ਦੀ ਜ਼ਾਹਰਾ ਮਿਸਾਲ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਉਹਨਾਂ ਦੀ ਧਰਮ-ਪਤਨੀ ਅਤੇ ਸਮੁੱਚਾ ਪਰਿਵਾਰ ਭਾਈ ਸਾਹਿਬ ਵੱਲੋਂ ਗਾਇਨ ਕੀਤੇ ਜਾਂਦੇ ਕੀਰਤਨ ਨੂੰ ਰੀਝ ਅਤੇ ਚਾਉ ਨਾਲ ਸਰਵਣ ਕਰਦਾ ਹੈ। ਭਾਈ ਨਿਰਮਲ ਸਿੰਘ ਖ਼ਾਲਸਾ ਭਾਰਤੀ ਸ਼ਾਸਤਰੀ ਸੰਗੀਤ ਦੇ 50 ਤੋਂ ਵੱਧ ਰਾਗਾਂ ਵਿਚ ਕੀਰਤਨ ਕਰਨ ਦੀ ਮੁਹਾਰਤ ਰੱਖਦੇ ਹਨ। ਇਸ ਦੇ ਨਾਲ ਨਾਲ ਅਨੇਕਾਂ ਪੁਰਾਤਨ ਰੀਤਾਂ, ਬੰਦਸ਼ਾਂ ਅਤੇ ਧੁਨਾਂ ਦਾ ਬੜਾ ਵੱਡਾ ਖ਼ਜ਼ਾਨਾ ਉਨ੍ਹਾਂ ਦੀ ਝੋਲੀ ਪਿਆ ਹੈ। ਲੰਮੇ ਸਮੇਂ ਤੋਂ ਉਹਨਾਂ ਦੇ ਜਥੇ ਵਿਚ ਭਾਈ ਦਰਸ਼ਨ ਸਿੰਘ ਸਹਾਇਕ ਰਾਗੀ ਵਜੋਂ ਅਤੇ ਭਾਈ ਕਰਤਾਰ ਸਿੰਘ ਤਬਲੇ 'ਤੇ ਸੰਗਤ ਕਰਦੇ ਆ ਰਹੇ ਹਨ। ਤਿੰਨਾਂ ਦੀ ਮਿੱਲਤ, ਕਮਾਲ ਦਾ ਅਲੌਕਿਕ ਸਮਾਂ ਸਿਰਜ ਦਿੰਦੀ ਹੈ।

ਭਾਈ ਨਿਰਮਲ ਸਿੰਘ ਦੇ ਜਥੇ ਨੇ ਕੀਰਤਨ ਸੇਵਾ ਹਿਤ ਪੌਣੀ ਦੁਨੀਆਂ ਦਾ ਸਫ਼ਰ ਕੀਤਾ ਹੈ। ਹਰੇਕ ਦੇਸ਼ ਵਿਚ ਉਹਨਾਂ ਦੀ ਕਲਾ ਦੇ ਪਾਰਖੂ ਅਤੇ ਕਦਰਵਾਨ ਉਹਨਾਂ ਦੀ ਉਡੀਕ ਵਿਚ ਰਹਿੰਦੇ ਹਨ।

ਭਾਈ ਨਿਰਮਲ ਸਿੰਘ ਦੀ ਯਾਦ-ਸ਼ਕਤੀ (ਹਾਫ਼ਿਜ਼ਾ) ਵੀ ਕਮਾਲ ਦੀ ਹੈ। ਉਨ੍ਹਾਂ ਨੂੰ 'ਆਸਾ ਦੀ ਵਾਰ' ਤੋਂ ਇਲਾਵਾ ਤਕਰੀਬਨ ਪੰਜ ਸੌ ਸ਼ਬਦ, ਦੀਵਾਨ ਨੰਦ ਲਾਲ ਗੋਇਆ ਦੀਆਂ ਫ਼ਾਰਸੀ ਗ਼ਜ਼ਲਾਂ ਅਤੇ ਦਸਮ ਗ੍ਰੰਥ ਦੀ ਬਾਣੀ ਜ਼ਬਾਨੀ ਕੰਠ ਹਨ। ਮਾਰਕੀਟ ਵਿਚ ਹੁਣ ਤਕ ਉਨ੍ਹਾਂ ਦੇ ਜਥੇ ਦੀਆਂ 60 ਆਡੀਓ ਸੀ.ਡੀਜ਼. ਆ ਚੁੱਕੀਆਂ ਹਨ। ਦੂਰਦਰਸ਼ਨ ਕੇਂਦਰ, ਜਲੰਧਰ ਅਤੇ ਆਲ ਇੰਡੀਆ ਰੇਡੀਓ ਦੇ ਏ-ਗ੍ਰੇਡ ਰਾਗੀ ਇਸ ਵੇਲੇ ਸਿਰਫ਼ ਭਾਈ ਨਿਰਮਲ ਸਿੰਘ ਹੀ ਹਨ। ਦੂਰਦਰਸ਼ਨ ਜਲੰਧਰ ਵੱਲੋਂ ਬਾਰਹਮਾਹਾ (ਮਾਝ ਅਤੇ ਤੁਖਾਰੀ) ਦਾ ਕੀਰਤਨ ਉਹਨਾਂ ਦੀ ਮਧੁਰ ਅਤੇ ਪੁਰਕੈਫ਼ ਆਵਾਜ਼ ਵਿਚ ਰੀਕਾਰਡ ਕੀਤਾ ਗਿਆ ਹੈ, ਜਿਸ ਨੂੰ ਸਰੋਤੇ ਹਰੇਕ ਸੰਗਰਾਂਦ 'ਤੇ ਸੁਣ ਕੇ ਅਨੰਦਤ ਹੁੰਦੇ ਹਨ। ਉਨ੍ਹਾਂ ਦੀ ਲੋਕਪ੍ਰਿਯਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋਵੇਗੀ ਕਿ ਉਹਨਾਂ ਵੱਲੋਂ ਗਾਈ 'ਆਸਾ ਦੀ ਵਾਰ' ਦੀਆਂ ਟੇਪਾਂ ਤੇ ਸੀ.ਡੀਜ਼. ਦੀ ਵਿਕਰੀ ਸਾਰੇ ਹੱਦਾਂ-ਬੰਨ੍ਹ ਟੱਪ ਗਈ। ਅੱਜ ਤੋਂ ਤਕਰੀਬਨ 5 ਸਾਲ ਪਹਿਲਾਂ ਇਸ ਦੀਆਂ 60 ਲੱਖ ਕਾਪੀਆਂ ਵਿੱਕ ਚੁੱਕੀਆਂ ਸਨ। ਆਪਣੇ ਜੱਦੀ ਪਿੰਡ ਲੋਹੀਆਂ ਖ਼ਾਸ (ਜਲੰਧਰ) ਨਾਲ ਉਹਨਾਂ ਦਾ ਖ਼ਾਸ ਸਨੇਹ ਹੈ। ਪਿਛਲੇ ਕੁਝ ਸਾਲਾਂ ਤੋਂ ਭਾਈ ਸਾਹਿਬ ਦੇ ਉੱਦਮ ਸਦਕਾ ਦਸੰਬਰ ਦੇ ਮਹੀਨੇ ਉਥੇ ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਜਾਂਦਾ ਹੈ।

ਜਿਥੇ ਭਾਈ ਨਿਰਮਲ ਸਿੰਘ ਖ਼ਾਲਸਾ ਦਾ ਕੀਰਤਨ ਦੇ ਖੇਤਰ ਵਿਚ ਪੂਰਵਕਾਰ

ਦਰਜਾ ਹੈ, ਉਥੇ ਉਨ੍ਹਾਂ ਦੀ ਕਲਮ ਨੂੰ ਵੀ ਖ਼ੁਦਾ-ਵੰਦ-ਕਰੀਮ ਨੇ ਪੁਖ਼ਤਾ ਲਿਖਣ ਕਲਾ ਨਾਲ ਨਿਵਾਜਿਆ ਹੈ। ਵੱਖ ਵੱਖ ਮੌਜ਼ੂਆਤ (ਵਿਸ਼ਿਆਂ) ਉੱਤੇ ਉਹਨਾਂ ਦੇ ਲੇਖ ਅਕਸਰ ਕਈ ਅਖ਼ਬਾਰਾਂ ਦੀ ਜ਼ੀਨਤ ਬਣਦੇ ਰਹਿੰਦੇ ਹਨ। ਉਹਨਾਂ ਨੇ ਪ੍ਰਮੁੱਖ ਪੰਜਾਬੀ ਅਖ਼ਬਾਰ *ਪੰਜਾਬੀ ਟ੍ਰਿਬਿਊਨ* ਵਿਚ "ਗੁਰਮਤਿ ਸੰਗੀਤ ਦੇ ਅਨਮੋਲ ਹੀਰੇ" ਉਨਵਾਨ ਤਹਿਤ ਪੁਰਾਤਨ ਰਬਾਬੀਆਂ ਤੋਂ ਲੈ ਕੇ ਮੌਜੂਦਾ ਦੌਰ ਦੇ ਮਹਾਨ ਰਾਗੀਆਂ ਬਾਰੇ ਪ੍ਰਕਾਸ਼ਿਤ ਹੋਏ 52 ਲੇਖਾਂ ਨੂੰ ਕਿਤਾਬ ਸ਼ਕਲ ਦੇ ਕੇ ਆਉਣ ਵਾਲੀਆਂ ਨਸਲਾਂ ਨੂੰ ਇਕ ਬੇਸ਼ਕੀਮਤੀ ਖ਼ਜ਼ਾਨਾ ਦਿੱਤਾ ਹੈ। ਇਹ ਪੁਸਤਕ ਉਹਨਾਂ ਦੀ ਲਿਖਣ ਕਲਾ ਦੀ ਪੁਖ਼ਤਗੀ, ਰੌਚਿਕਤਾ ਅਤੇ ਹਕੀਕਤ-ਬਿਆਨੀ ਦਾ ਮੁਜੱਸਮਾ ਹੋ ਨਿਬੜੀ—ਇਕ ਤਾਰੀਖ਼ੀ ਦਸਤਾਵੇਜ਼ ਹੈ। ਇਥੇ ਹੀ ਬੱਸ ਨਹੀਂ, ਉਹਨਾਂ ਇਸਤਰੀ ਕੀਰਤਨਕਾਰਾਂ ਬਾਰੇ ਲਿਖੇ 43 ਲੇਖਾਂ ਨੂੰ ਵੀ ਕਿਤਾਬੀ ਰੂਪ ਵਿਚ ਪਾਠਕਾਂ ਦੇ ਸਨਮੁਖ ਕਰਨ ਦਾ ਉਪਰਾਲਾ ਕੀਤਾ ਹੈ। ਛੇਤੀ ਹੀ ਇਹ ਪੁਸਤਕ ਵੀ ਗੁਰਮਤਿ ਸੰਗੀਤ ਦੇ ਪਾਠਕਾਂ ਨੂੰ ਪੜ੍ਹਨ ਲਈ ਦਸਤਯਾਬ (ਉਪਲਬਧ) ਹੋਵੇਗੀ ਅਤੇ ਅੱਜ ਤਕ ਦਾ ਇਹ ਇਕ ਨਿਵੇਕਲਾ ਉਪਰਾਲਾ ਹੈ, ਕਿਉਂਕਿ ਹੁਣ ਤਕ ਤਾਂ ਇਸਤਰੀ ਕੀਰਤਨਕਾਰਾਂ ਅਣਗੌਲੀਆਂ ਹੀ ਰਹੀਆਂ ਹਨ, ਕਿਸੇ ਦਾ ਧਿਆਨ ਏਧਰ ਗਿਆ ਹੀ ਨਹੀਂ। ਇਹਨਾਂ ਦੋ ਨਾਯਾਬ ਕਿਤਾਬਾਂ ਦੇ ਪ੍ਰਕਾਸ਼ਤ ਹੋਣ ਨਾਲ ਹੁਣ ਪੀਐੱਚ.ਡੀ. ਲਈ ਖੋਜ ਕਰਨ ਵਾਲੇ ਖੋਜਾਰਥੀਆਂ ਅਤੇ ਕੀਰਤਨ ਵਿਚ ਰੁਚੀ ਰੱਖਣ ਵਾਲਿਆਂ ਲਈ ਜਾਣਕਾਰੀ ਦੇ ਖ਼ਜ਼ਾਨੇ ਖੁੱਲ੍ਹ ਗਏ ਹਨ। ਪਹਿਲਾਂ ਖੋਜਕਰਤਾਵਾਂ ਨੂੰ ਖੋਜ ਕਾਰਜਾਂ ਦੇ ਸੰਬੰਧ ਵਿਚ ਥਾਂ ਥਾਂ ਘੁੰਮਣਾ ਅਤੇ ਜਾਣਾ ਪੈਂਦਾ ਸੀ, ਜਿਸ ਵਿਚ ਚੋਖਾ ਸਮਾਂ ਵੀ ਲੱਗਦਾ ਸੀ ਅਤੇ ਖ਼ਰਚਾ ਵੀ ਹੁੰਦਾ ਸੀ। ਹੁਣ ਇਹ ਪੁਸਤਕਾਂ 'ਸਿੰਗਲ ਵਿੰਡੋ ਸਿਸਟਮ' ਦਾ ਕੰਮ ਕਰਨਗੀਆਂ। ਪੁਸਤਕਾਂ ਚੁੱਕੋ, ਪੜ੍ਹੋ ਅਤੇ ਭਰਪੂਰ ਜਾਣਕਾਰੀ ਹਾਸਲ ਕਰ ਕੇ ਫ਼ੈਜ਼ਯਾਬ ਹੋਵੋ। ਨਾਲ ਹੀ ਸਮੁੱਚੀ ਜਾਣਕਾਰੀ ਘਰੇ ਬੈਠਿਆਂ, ਆਨ-ਲਾਈਨ ਮੁਯੱਸਰ (ਪ੍ਰਾਪਤ) ਹੋਵੇਗੀ। ਭਾਈ ਨਿਰਮਲ ਸਿੰਘ ਖ਼ਾਲਸਾ ਦੀ ਇਸ ਮਹਾਨ ਅਤੇ ਇਤਿਹਾਸਕ ਦੇਣ ਨੂੰ ਕੌਮ ਹਮੇਸ਼ਾ ਯਾਦ ਰੱਖੇਗੀ। ਇਹਨਾਂ ਦੋਨਾਂ ਕਿਤਾਬਾਂ ਵਿਚ ਦਰਜ ਘਟਨਾਵਾਂ ਅਤੇ ਤੱਥਾਂ ਨੂੰ ਭਾਈ ਨਿਰਮਲ ਸਿੰਘ ਦੀ ਕਲਮ ਨੇ ਬੜੀ ਇਮਾਨਦਾਰੀ, ਬੇਬਾਕੀ ਅਤੇ ਸਾਫ਼ਗੋਈ ਨਾਲ ਬਿਆਨ ਕੀਤਾ ਹੈ। ਉਹਨਾਂ ਦੀ ਲਿਖਣ ਕਲਾ ਅਤੇ ਸ਼ਬਦਾਵਲੀ ਨੂੰ ਲਹਿੰਦੇ ਪੰਜਾਬ ਦੇ ਸ਼ੀਰੀ ਪੰਜਾਬੀ ਦੀ ਪੁੱਠ ਨੇ, ਸੋਨੇ ਉੱਤੇ ਸੁਹਾਗੇ ਵਾਲਾ ਕੰਮ ਕੀਤਾ ਹੈ। ਛੋਟੇ ਛੋਟੇ ਚੁਸਤ ਦਰੁਸਤ ਫ਼ਿਰਕੇ, ਲੋਕ-ਬੋਲੀ, ਅਖਾਣਾਂ ਦੀ ਵਰਤੋਂ ਥਾਂ-ਪੁਰ-ਥਾਂ ਹੋਈ ਮਿਲਦੀ ਹੈ।

ਅਖ਼ੀਰ ਵਿਚ ਗੱਲ ਕਰੀਏ ਭਾਈ ਸਾਹਿਬ ਦੇ ਪਰਿਵਾਰ ਦੀ। ਉਹਨਾਂ ਦੇ ਪਰਿਵਾਰ ਵਿਚ ਧਰਮ-ਪਤਨੀ ਤੋਂ ਇਲਾਵਾ ਤਿੰਨ ਬੇਟੇ ਅਤੇ ਤਿੰਨ ਬੇਟੀਆਂ ਹਨ। ਇਕ ਬੱਚੀ ਤੇ ਬੱਚੇ ਨੂੰ ਸੰਗੀਤ ਦੀ ਮੱਸ ਹੈ ਅਤੇ ਉਹਨਾਂ ਤੋਂ ਵਡੇਰੀਆਂ ਆਸਾਂ ਹਨ। ਭਾਈ ਨਿਰਮਲ ਸਿੰਘ ਦੇ ਸ਼ੌਕ ਵੀ ਬੜੇ ਵਿਲੱਖਣ ਹਨ, ਜਿਵੇਂ ਚੰਗੇ ਰਾਗੀਆਂ ਅਤੇ ਕਲਾਕਾਰਾਂ ਨੂੰ ਸੁਣਨਾ, ਜਾਤੀ ਪ੍ਰਥਾ ਵਿਰੁੱਧ ਜੂਝਣਾ, ਫ਼ਿਰਕੂ ਇਕਸੁਰਤਾ ਅਤੇ ਵਾਤਾਵਰਣ ਦੀ ਸੰਭਾਲ ਦੇ ਨਾਲ ਨਾਲ ਜੰਗਲੀ ਜੀਵਾਂ ਦੀ ਰੱਖਿਆ ਲਈ ਕੰਮ

ਕਰਨਾ, ਪਹਾੜਾਂ ਦੀ ਸੈਰ ਕਰਨਾ ਅਤੇ ਖ਼ਾਸ-ਉਲ-ਖ਼ਾਸ ਸ਼ੌਂਕ ਹੈ ਹੱਥੀਂ ਖਾਣਾ ਬਣਾ ਕੇ ਪ੍ਰਾਹੁਣਿਆਂ ਦੀ ਟਹਿਲ ਸੇਵਾ ਕਰਨਾ। ਆਸ ਅਤੇ ਅਰਦਾਸ ਕਰਦਾ ਹਾਂ ਕਿ ਉਹ ਆਉਣ ਵਾਲੇ ਸਮੇਂ ਵਿਚ ਵੀ ਨੇਕ ਮਾਰਗ 'ਤੇ ਗ਼ਾਮਜ਼ਨ (ਤੁਰਦੇ) ਰਹਿਣ। ਕੌਮ ਤੇ ਦੇਸ਼ ਨੂੰ ਉਹਨਾਂ ਤੋਂ ਬਹੁਤ ਆਸਾਂ ਹਨ। ਉਹਨਾਂ ਦੇ ਕਲਮੀ ਸਫ਼ਰ ਦੀ ਸਫਲਤਾ ਦੀ ਕਾਮਨਾ ਅਲਾਮਾ ਇਕਬਾਲ ਦੇ ਇਸ ਸ਼ੇਅਰ ਨਾਲ ਕਰਦਾ ਹਾਂ :

*ਦਰਿਆਏ ਜ਼ੀਸਤ ਮੇਂ, ਅਪਨਾ ਮੁਕਾਮ ਪੈਦਾ ਕਰ।*
*ਨਯਾ ਜ਼ਮਾਨਾ ਨਏ ਸੁਬਹੋ-ਸ਼ਾਮ ਪੈਦਾ ਕਰ।*
*ਤੇਰਾ ਅਸੂਲ, ਅਮੀਰੀ ਨਹੀਂ, ਫ਼ਕੀਰੀ ਹੈ,*
*ਖ਼ੁਦੀ ਨ ਬੇਚ, ਗ਼ਰੀਬੀ ਮੇਂ ਨਾਮ ਪੈਦਾ ਕਰ।*

**ਤੀਰਥ ਸਿੰਘ ਢਿੱਲੋਂ**
*ਸਾਬਕਾ ਚੀਫ਼ ਨਿਊਜ਼ ਰੀਡਰ,*
ਦੂਰਦਰਸ਼ਨ ਜਲੰਧਰ
*ਮੈਂਬਰ ਕੀਰਤਨ ਸਬ-ਕਮੇਟੀ,*
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
*ਸਲਾਹਕਾਰ,*
ਸਾਈ ਮੀਆਂ ਮੀਰ ਫ਼ਾਊਂਡੇਸ਼ਨ ਇੰਟਰਨੈਸ਼ਨਲ
(ਮੋਬਾ:) 98154-61710

# ਕੁਛ ਇਹ ਵੀ

ਔਰਤ ਜਾਤ ਇਸ ਵਿਸ਼ਾਲ ਕਾਇਨਾਤ ਦਾ ਸਭ ਤੋਂ ਨਾਯਾਬ ਤੇ ਖ਼ੂਬਸੂਰਤ ਸ਼ਿੰਗਾਰ ਹੈ ਅਤੇ ਹਰ ਮਨੁੱਖ, ਪ੍ਰਾਣੀ-ਮਾਤਰ, ਮਰਦ ਲਈ ਅਸਲ ਈਮਾਨ ਤੇ ਸ਼ਾਨ ਹੈ। ਯਾਨੀ ਕਿ ਹਰ ਘਰ ਚੌਰਾਹੇ ਅਤੇ ਮਨੁੱਖ ਦੇ ਅੱਗੇ-ਪਿੱਛੇ, ਅੰਦਰ-ਬਾਹਰ, ਮਰਦ ਦਾ ਘਣਛਾਵਾਂ ਪਰਛਾਵਾਂ, ਆਸਰਾ ਤੇ ਸਹਾਰਾ ਔਰਤ ਹੈ। ਔਰਤ ਜੱਗ-ਜਨਨੀ ਅਤੇ ਦੁੱਖ ਹੰਢਾਉਣੀ ਅਬਲਾ ਹੈ। ਔਰਤ ਮਾਂ ਹੈ, ਪਤਨੀ ਹੈ, ਭੈਣ ਹੈ, ਧੀ ਹੈ, ਦੋਸਤ ਹੈ, ਮਮਤਾ ਦਾ ਵਹਿੰਦਾ ਦਰਿਆ ਹੈ, ਸੇਵਾ ਦੀ ਮੂਰਤ ਹੈ ਅਤੇ ਨਰੋਏ ਸਮਾਜ ਦੀ ਨਿਰਮਾਤਰੀ, ਮੋਢੀ ਵੀ ਹੈ ਅਤੇ ਇਸ ਧਰਤੀ ਦੀ ਜੰਨਤ ਹੈ। ਮੁੱਕਦੀ ਗੱਲ ਕਿ ਔਰਤ ਬਗ਼ੈਰ ਜੱਗ ਸੁੰਞਾ, ਅਧੂਰਾ ਤੇ ਬੇ-ਰੌਣਕਾ ਹੈ। ਔਰਤ ਤੋਂ ਬਗ਼ੈਰ ਸ੍ਰਿਸ਼ਟੀ ਨਾ-ਮੁਮਕਿਨ ਹੈ, ਤਾਹੀਓਂ ਬਾਬੇ ਨਾਨਕ ਨੇ ਕਿਹਾ :

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**

ਔਰਤ ਸੰਸਾਰ ਦੇ ਮਨੁੱਖੀ ਤਾਣੇ-ਬਾਣੇ ਦੀ ਖੱਡੀ ਤੇ ਡੂੰਘੀ ਨੀਂਹ ਹੈ। ਮਨੁੱਖੀ ਉਪਜ ਤੋਂ ਲੈ ਕੇ ਅੱਜ ਤੀਕਰ ਜਿਤਨੇ ਵੀ ਵਲੀ, ਔਲੀਏ, ਅਵਤਾਰ, ਗੁਰੂ, ਪੀਰ, ਪੈਗ਼ੰਬਰ, ਸੰਤ-ਮਹਾਂਪੁਰਸ਼, ਯੋਧੇ, ਬਲੀ, ਸੂਰਬੀਰ, ਸੂਰਮੇ, ਸ਼ਹੀਦ, ਰਾਜੇ-ਮਹਾਰਾਜੇ, ਸਮਰਾਟ, ਭੂਪਤ, ਰਾਮ-ਰਹੀਮ, ਕ੍ਰਿਸ਼ਨ, ਸ਼ਿਵ, ਬ੍ਰਹਮਾ, ਸਾਧੂ, ਭਗਤ, ਕਵੀ-ਜਨ, ਲਿਖਾਰੀ, ਪੰਡਤ, ਵਿਦਵਾਨ, ਵੈਦ, ਹਕੀਮ, ਭਲਵਾਨ, ਬਾਹੂ-ਬਲੀਏ, ਰਬਾਬੀ, ਰਾਗੀ, ਢਾਡੀ, ਕਵੀਸ਼ਰ, ਸ਼ਾਸਤਰੀ, ਗਵੱਈਏ, ਸੰਗੀਤਚਾਰੀਏ, ਲੋਕ-ਗਾਇਕ, ਬੁੱਧੀਜੀਵੀ ਅਤੇ ਦੁਨੀਆਂ ਭਰ ਦੇ ਉੱਘੇ ਸ਼ਖ਼ਸ, ਖ਼ਾਸਮ-ਖ਼ਾਸ ਤੇ ਸ਼ੋਹਰਤਾਂ ਬੁਲੰਦੀਆਂ ਦੇ ਮਾਲਕ, ਮਰਦ/ਇਸਤਰੀਆਂ ਆਦਿਕ ਸਭਨਾਂ ਨੂੰ ਔਰਤ ਨੇ ਹੀ ਤਾਂ ਜਨਮ ਦਿੱਤਾ ਹੈ, ਤੇ ਇਹਨਾਂ ਸਭਨਾਂ ਦੀ ਮੁੱਢਲੀ ਪਰਵਰਿਸ਼ ਵੀ ਔਰਤ ਦੇ ਹੱਥੋਂ ਹੀ ਹੁੰਦੀ ਹੈ। ਯਾਨੀ ਕਿ ਦੁਨੀਆਂ ਭਰ ਦੇ ਹਰ ਕਾਮਯਾਬ, ਉੱਘੇ ਤੇ ਪ੍ਰਸਿੱਧ ਵਿਅਕਤੀਆਂ ਦੇ ਪਿੱਛੇ ਸਦਾ ਔਰਤ ਦਾ ਹੀ ਹੱਥ ਰਿਹੈ ਤੇ ਰਵ੍ਹੇਗਾ। ਇਸ ਗੱਲ ਤੋਂ ਕਤੱਈ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮਰਦੀ-ਬਿੰਦ ਤੋਂ ਹੀ ਜੀਉ ਪਿੰਡ ਬਣਿਆ ਹੈ। ਪਰ ਇਸ ਬਿੰਦ ਨੂੰ ਨੌਂ ਮਹੀਨੇ ਆਪਣੇ ਉੱਦਰ (ਪੇਟ) 'ਚ ਰੱਖ ਕੇ, ਸਾਂਭ-ਸੰਭਾਲ, ਪਾਲ-ਪੋਸ ਕੇ ਅਤੇ ਘਣੇ ਦੁੱਖ-ਦਰਦ, ਪੀੜਾਂ ਜਰ ਕੇ, ਹਰ ਮਨੁੱਖ ਨੂੰ ਔਰਤ ਨੇ ਹੀ ਇਹ ਰੰਗਲੀ ਦੁਨੀਆਂ ਦਿਖਾਈ ਹੈ। ਸੋ, ਔਰਤ ਦੀ ਇਸ ਮਹਾਨ ਕੁਰਬਾਨੀ ਅਤੇ ਦੇਣ ਨੂੰ ਹੀ ਵੇਂਹਦਿਆਂ ਜਗਤ ਗੁਰੂ ਬਾਬੇ ਨਾਨਕ ਨੇ ਜਿਵੇਂ 'ਹਾਅ' ਦਾ ਨਾਅਰਾ ਮਾਰਿਆ ਤੇ ਫਿਰ ਉਸ ਨੂੰ ਜੋ ਬਣਦਾ ਮਾਣ-ਸਤਿਕਾਰ ਦੇਣ ਲਈ ਲੰਮੇਰਾ ਸੰਘਰਸ਼ ਕੀਤਾ, ਉਸ

ਨੂੰ ਕਦੀ ਵੀ ਅਣਗੌਲਿਆ ਜਾਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਨਿਰਦਈ ਸੰਸਾਰ 'ਤੇ ਇੱਕੋ-ਇਕ ਬਾਬਾ ਨਾਨਕ ਹੀ ਅਜਿਹਾ ਰਹਿਬਰ ਹੋਇਆ ਹੈ, ਜਿਹਨਾਂ ਰੱਬੀ ਬਾਣੀ ਦੁਆਰਾ ਆਪਣੀਆਂ ਮੌਲਿਕ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਅੰਦਰ ਜਗ੍ਹਾ ਦੇ ਕੇ ਜਨਨੀ ਦੀ ਇੱਜ਼ਤ 'ਚ ਅਥਾਹ ਇਜ਼ਾਫ਼ਾ ਕੀਤਾ। ਸਚਿਆਈ ਤਾਂ ਇਹ ਹੈ ਕਿ ਅੱਜ ਤਕ ਸੰਸਾਰ ਭਰ 'ਚ ਪੈਦਾ ਹੋਏ ਅਲੱਗ-ਅਲੱਗ ਧਰਮਾਂ ਦੇ ਵੱਡਿਆਂ-ਵੱਡਿਆਂ ਮੋਢੀਆਂ ਨੇ ਵੀ ਹੁਣ ਤਕ ਇਸ ਜਨਨੀ (ਔਰਤ) ਨੂੰ ਭੰਡਿਆ ਤੇ ਕੋਸਿਆ ਹੀ ਹੈ; ਪਰੰਤੂ ਨਿਮਾਣੀ, ਨਿਰਬਲ ਤੇ ਕਮਜ਼ੋਰ ਔਰਤ ਉਪਰ ਜ਼ੁਲਮ ਹੁੰਦਾ ਤੱਕ ਕੇ ਬਾਬੇ ਨਾਨਕ ਦੀ ਪਾਕਿ ਰੂਹ ਕੰਬ ਉੱਠੀ। ਸੋ, ਆਪ ਨੇ ਅਤਿ ਸ਼ੁਧ ਵੀਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੰਸਾਰੀ ਲੋਕਾਂ ਅਤੇ ਸਿੱਖਾਂ ਨੂੰ ਵੀ ਇਸ ਪੁਰ ਅਮਲ ਕਰਨ ਲਈ ਖ਼ੂਬ ਨਸੀਹਤ ਦਿੱਤੀ। ਜਿਵੇਂ ਕਿ ਆਸਾ ਦੀ ਵਾਰ ਅੰਦਰ ਅਠਾਰ੍ਹਵਾਂ ਸਲੋਕ ਸਾਰਾ ਔਰਤ ਪਰਥਾਇ ਹੀ ਹੈ। ਪਰ ਕੀ ਸਿੱਖ ਕੌਮ ਨੇ ਇਸ ਇਲਾਹੀ ਹੁਕਮ ਦੀ ਤਾਮੀਲ ਕਰਦਿਆਂ ਹਰ ਔਰਤ ਨੂੰ ਬਣਦਾ ਹੱਕ ਤੇ ਮਾਣ-ਸਤਿਕਾਰ ਬਖ਼ਸ਼ਿਆ ਹੈ ? ਜਦੋਂ ਕਿ ਗੁਰੂ ਸਾਹਿਬਾਨ ਸ਼ੁਰੂ ਤੋਂ ਹੀ ਔਰਤ ਜਾਤ ਨੂੰ ਬਰਾਬਰਤਾ ਦੇ ਕੇ ਖ਼ੂਬ ਮਾਣ ਇੱਜ਼ਤ ਬਖ਼ਸ਼ਦੇ ਰਹੇ ਹਨ। ਮਿਸਾਲ ਵਜੋਂ ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਗੁਜਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਤਾ ਸੁੰਦਰੀ ਜੀ, ਕੌਲਾਂ ਜੀ, ਮਾਈ ਭਾਗੋ ਜੀ ਇਤਿਆਦਿਕ ਦੀਆਂ ਇਤਿਹਾਸਿਕ ਮਿਸਾਲਾਂ ਸਾਡੇ ਸਾਹਵੇਂ ਤੇ ਜ਼ਿਹਨ 'ਚ ਵੱਸੀਆਂ ਹੋਈਆਂ ਹਨ। ਸੋ, ਇਸ ਸਚਿਆਈ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ, ਤੇ ਇਹਨਾਂ ਉੱਚ ਆਦਰਸ਼ਾਂ ਦੇ ਨਿਰਮਾਤਾ ਕੋਈ ਹੋਰ ਨਹੀਂ, ਬਲਕਿ ਸਿੱਖ ਕੌਮ ਦੇ ਉਸਰੱਈਏ ਤਮਾਮ ਗੁਰੂ ਸਾਹਿਬਾਨ ਹੀ ਹਨ। ਗੁਰਬਾਣੀ ਅਨੁਸਾਰ ਮਾਂ ਦਾ ਦਰਜਾ ਬਹੁਤ ਉਚੇਰਾ ਤੇ ਆਹਲਾ ਕਿਸਮ ਦਾ ਹੈ। ਪਾਤਸ਼ਾਹ ਜ਼ਿਕਰ ਕਰਦੇ ਹਨ :

**ਸੁਤ ਅਪਰਾਧ ਕਰਤ ਹੈ ਜੇਤੇ॥**
**ਜਨਨੀ ਚੀਤਿ ਨ ਰਾਖਸਿ ਤੇਤੇ॥** *(ਪੰਨਾ 478)*

ਜਿਵੇਂ ਸਮੁੱਚੀ ਕਾਇਨਾਤ 'ਚ ਵੱਸਦੀ ਲੋਕਾਈ 'ਚੋਂ ਗੁਨਾਹਗਾਰਾਂ ਨੂੰ ਮੁਆਫ਼ ਕਰਨ ਦਾ ਅਧਿਕਾਰ ਸਿਰਫ਼ ਤੇ ਸਿਰਫ਼ ਪਰਮਾਤਮਾ ਨੂੰ ਹੀ ਹੈ, ਪਰ ਪਰਮਾਤਮਾ ਤੋਂ ਬਾਅਦ ਸਮਾਜਿਕ ਤੌਰ 'ਤੇ ਆਪਣੇ ਪੁੱਤਰ ਨੂੰ ਵੀ ਮੁਆਫ਼ੀ ਦੇਣ ਦਾ ਹੱਕ ਕੇਵਲ ਔਰਤ ਪਾਸ ਹੀ ਹੈ। ਸਚਿਆਈ ਤਾਂ ਫਿਰ ਇਹ ਹੈ ਕਿ ਅਸਲ 'ਚ ਔਰਤ (ਜਨਨੀ) ਹੀ ਸਮਾਜ ਦਾ ਧੁਰਾ ਹੈ। ਕੁਝ ਇਹਨਾਂ ਹੀ ਕਾਰਨਾਂ ਤੇ ਗੁਰ-ਆਦਰਸ਼ਾਂ ਨੂੰ ਵੇਂਹਦਿਆਂ ਮੇਰੀ ਦਿਲੀ ਤਮੰਨਾ ਹੈ ਕਿ ਸਮਾਜ ਵਿਚ ਔਰਤ ਜਾਤ ਨੂੰ ਇਤਨਾ ਜ਼ਿਆਦਾ ਮਾਣ-ਸਨਮਾਨ ਦਿੱਤਾ ਜਾਵੇ ਕਿ ਉਸ ਨੂੰ ਸੱਚਮੁੱਚ ਅਹਿਸਾਸ ਹੋ ਜਾਵੇ ਕਿ ਹਾਂ, ਸੰਸਾਰ ਭਰ ਦੇ ਮਹਾਨ ਸਪੂਤਾਂ ਦੀ ਜਨਨੀ ਮੈਂ ਹੀ ਹਾਂ। ਔਰਤ ਜਾਤ ਦੀ ਇੱਜ਼ਤ-ਆਬਰੂ 'ਚ ਹੋਰ ਵਾਧਾ ਹੋ ਕੇ ਉਸ ਨੂੰ ਜ਼ਿਆਦਾ ਮਾਣ-ਸਤਿਕਾਰ ਦੀ ਪ੍ਰਾਪਤੀ ਹੋ ਸਕੇ, ਇਹੋ ਹੀ ਮੇਰੀ ਦਿਲੀ ਇੱਛਾ ਹੈ। ਸੋ, ਕੁਝ ਕੁ ਅਜਿਹੇ ਹੀ ਕਾਰਨਾਂ ਨੂੰ ਸਾਹਵੇਂ ਰੱਖਦਿਆਂ ਨਾਚੀਜ਼ ਖ਼ਾਕਸਾਰ ਨੂੰ ਹੱਥਲੀ ਕਿਤਾਬ ਲਈ ਕਲਮ ਉਠਾਉਣੀ ਪਈ ਹੈ। ਮੈਂ ਆਪਣੇ

ਪਿਆਰੇ ਪਾਠਕਾਂ ਨੂੰ ਸਨਮੁਖ ਜਾਣ ਕਰਕੇ ਯਤਨ ਕੀਤਾ ਹੈ ਕਿ ਆਪਣੀ ਮਾਂ-ਬੋਲੀ ਤੇ ਲੋਕ-ਬੋਲੀ ਜਿਹੀ ਸਰਲ ਭਾਸ਼ਾ ਦੇ ਲਫ਼ਜ਼ਾਂ ਦੀ ਹੀ ਵਰਤੋਂ ਕੀਤੀ ਜਾਵੇ।

ਇਸਤਰੀ ਜਾਤ ਨੂੰ ਸਮਰਪਿਤ ਇਸ ਕਿਤਾਬ ਲਈ ਮੈਨੂੰ ਮੇਰੇ ਅਖ਼ਬਾਰੀ ਪਾਠਕਾਂ ਨੇ ਭਰਪੂਰ ਹੁੰਗਾਰਾ ਤੇ ਜੋ ਅੰਤਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਹੈ, ਉਹ ਅਕਹਿ ਤੇ ਬੇਮਿਸਾਲ ਹੈ। ਪਰ ਬਹੁਤ ਸਾਰੀਆਂ ਕੁਝ ਕੁ ਜ਼ਹੀਨ, ਸਮਝਦਾਰ ਸ਼ਖ਼ਸੀਅਤਾਂ ਵੀ ਹਨ ਜਿਹਨਾਂ ਨੇ ਮੈਨੂੰ ਨਿੱਘਾ ਸਹਿਯੋਗ ਤੇ ਨੇਕ ਸਲਾਹ ਦਿੱਤੀ ਹੈ, ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਿਵੇਂ ਕਿ ਅਤਿ ਸਤਿਕਾਰਯੋਗ ਮਹਾਨ ਸਿੱਖ ਚਿੰਤਕ ਤੇ ਵਿਦਵਾਨ ਪੁਰਸ਼ ਡਾਕਟਰ ਜਸਪਾਲ ਸਿੰਘ ਜੀ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ); ਇਸੇ ਤਰ੍ਹਾਂ ਵਿਦਵਾਨ ਪੁਰਸ਼, ਪੰਜਾਬੀ ਪੱਤਰਕਾਰੀ ਦੇ ਰੂਹੇ-ਰਵਾਂ *ਪੰਜਾਬੀ ਟ੍ਰਿਬਿਊਨ*, ਚੰਡੀਗੜ੍ਹ ਦੇ ਮੁੱਖ ਸੰਪਾਦਕ ਸ. ਵਰਿੰਦਰ ਸਿੰਘ ਵਾਲੀਆ, ਜਿਹਨਾਂ ਨੇ ਸਭ ਤੋਂ ਪਹਿਲਾਂ ਇਸਤਰੀ ਜਾਤ ਪ੍ਰਤੀ ਲਿਖਣ ਲਈ ਮੈਨੂੰ ਉਤਸ਼ਾਹਿਤ ਕਰਦਿਆਂ ਹੋਇਆਂ ਆਪਣੀ ਅਖ਼ਬਾਰ ਦੇ ਕਾਲਮਾਂ 'ਚ ਥਾਂ ਦਿੱਤੀ। ਇੰਜ ਹੀ ਗਾਹੇ-ਬਗਾਹੇ ਅਤਿ ਵਿਦਵਾਨ ਪੁਰਸ਼ ਸ਼ੁੱਧ ਤੇ ਕਲਾਸਿਕ ਪੰਜਾਬੀ ਦੇ ਘਾਘ ਬੁਲਾਰੇ ਸੰਸਾਰ ਪ੍ਰਸਿੱਧ ਪ੍ਰਵਾਜ਼ੀ ਨਿਊਜ਼ ਰੀਡਰ ਸ. ਤੀਰਥ ਸਿੰਘ ਢਿੱਲੋਂ ਜੋ ਅੱਖਰੀਂ ਸੋਧ ਲਈ ਸਦਾ ਹੀ ਰਾਮਬਾਣ ਸਿੱਧ ਹੁੰਦੇ ਰਹੇ ਹਨ; ਇਸੇ ਤਰ੍ਹਾਂ ਬ੍ਰਿਸਬੇਨ (ਅਸਟ੍ਰੇਲੀਆ) ਤੋਂ ਅਤਿ ਸੁਘੜ-ਸੁਜਾਨ, ਦੂਰ-ਅੰਦੇਸ਼ ਅਤੇ ਔਰਤ ਜਾਤ ਪ੍ਰਤੀ ਹਰ ਕਿਸਮ ਦੀਆਂ ਗੁੰਝਲਦਾਰ ਮੁਸ਼ਕਲਾਤਾਂ ਤੋਂ ਜਾਣੂੰ, ਅਤਿ ਸੁਸ਼ੀਲ ਤੇ ਨੌਜਵਾਨ ਤ੍ਰੀਮਤ ਬੀਬਾ ਨਵਨੀਤ ਕੌਰ ਵਿਰਕ, ਜਿਹਨਾਂ ਦੇ ਬੇਸ਼ਕੀਮਤੀ ਵੀਚਾਰ ਮੇਰੇ ਜ਼ਿਹਨ 'ਚ ਵੱਸ ਗਏ, ਦਾ ਵੀ ਰਿਣੀ ਹਾਂ। ਮੇਰੇ ਅਤਿ ਨਜ਼ਦੀਕੀ ਨਿੱਘੇ ਮਿੱਠੇ ਤੇ ਪਿਆਰੇ ਸਤਿਕਾਰਤ ਵੀਰੇ ਸ. ਰੂਪ ਸਿੰਘ ਸਿੱਖ ਸਕਾਲਰ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਨਿੱਘਾ ਸਹਿਯੋਗ ਤੇ ਕੁਝ ਕਰ ਗੁਜ਼ਰਨ ਦੀ ਹੱਲਾਸ਼ੇਰੀ ਦੇਣ ਵਾਲੇ ਹਮਰਾਜ਼ੀ ਦੋਸਤਾਂ ਦਾ ਵੀ ਧੰਨਵਾਦੀ ਹਾਂ। ਇਸੇ ਤਰ੍ਹਾਂ ਪਿਆਰੇ ਵੀਰੇ ਸ. ਹਰਜਿੰਦਰ ਸਿੰਘ, ਜੋ ਕਿ ਮੇਰੇ ਹੱਥਲੇ ਲੇਖਾਂ ਨੂੰ ਟਾਈਪ ਕਰ ਕੇ ਅਤੇ ਸੋਧ ਕੇ, *ਪੰਜਾਬੀ ਟ੍ਰਿਬਿਊਨ* ਤਕ ਪਹੁੰਚਾਉਣ ਦੀ ਸੇਵਾ ਨਿਭਾਉਂਦੇ ਰਹੇ ਹਨ, ਅਤੇ ਸਭਨਾਂ ਦਾ ਹੀ ਤਹਿ ਦਿਲੋਂ ਅਤੇ ਧੁਰ ਰੂਹ ਤੋਂ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਆਪਣੇ ਅਨਮੋਲ ਤੇ ਬੇਸ਼ਕੀਮਤੀ ਵੀਚਾਰਾਂ ਅਤੇ ਸਹਿਯੋਗ ਰਾਹੀਂ ਇਸ ਕਿਤਾਬ ਲਈ ਯੋਗਦਾਨ ਪਾਇਆ ਹੈ।

ਬਹੁਤ ਸਾਰੀਆਂ ਗੁਣੀਜਨ ਕੀਰਤਨਕਾਰ ਸਤਿਕਾਰਤ ਬੀਬੀਆਂ ਬਾਰੇ ਜਾਣਕਾਰੀ ਨਾ ਪ੍ਰਾਪਤ ਹੋਣ ਕਰਕੇ 43 ਲੇਖਾਂ ਨੂੰ ਹੀ ਕਿਤਾਬ ਦਾ ਰੂਪ ਦੇ ਕੇ ਸਿੱਖ ਪੰਥ ਅਤੇ ਤਮਾਮ ਹੀ ਪਾਠਕਾਂ ਦੇ ਰੂਬਰੂ ਹਾਜ਼ਰ ਹੋ ਗਿਆ ਹਾਂ ਜੀ। ਸੋ, ਉਹਨਾਂ ਸਭਨਾਂ ਹੀ ਕੀਰਤਨਕਾਰਾਂ ਤੋਂ ਮੁਆਫ਼ੀ ਮੰਗਦਾ ਹਾਂ ਜੀ, ਪਰ ਮੈਂ ਆਉਣ ਵਾਲੇ ਦੂਸਰੇ ਕਿਤਾਬੀ ਐਡੀਸ਼ਨ ਵਿਚ ਸਹਿਯੋਗ ਤੇ ਥਾਂ ਦੇਣ ਦਾ ਯਤਨ ਕਰਾਂਗਾ ਜੀ। ਇੰਜ ਹੀ ਸਤਿਕਾਰ ਯੋਗ ਪੰਥ ਪ੍ਰਸਿੱਧ ਕੀਰਤਨੀ ਜਥਾ, ਬੀਬੀ ਬਲਜੀਤ ਕੌਰ ਜੀ 'ਖ਼ਾਲਸਾ' ਤਲਵਾੜਾ ਬਾਰੇ ਮੈਂ ਇਸ ਹੱਥਲੀ ਕਿਤਾਬ ਵਿਚ ਹਰ ਹਾਲਤ ਲਿਖਣਾ ਚਾਹੁੰਦਾ ਸਾਂ, ਪਰ ਮੇਰੇ ਤਰਫ਼ੋਂ ਮਾਨਯੋਗ ਬੀਬੀ ਜੀ ਨੂੰ ਅਨੇਕਾਂ ਵਾਰ ਗੁਜ਼ਾਰਿਸ਼ ਕਰਨ ਦੇ ਬਾਵਜੂਦ ਵੀ ਆਪ

ਜੀ ਨੇ ਆਪਣੇ ਬਾਰੇ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਅਤੇ ਨਾ ਹੀ ਸਹਿਯੋਗ ਦਿੱਤਾ, ਜਿਸ ਦਾ ਕਿ ਮੈਨੂੰ ਬੇਹੱਦ ਅਫ਼ਸੋਸ ਤੇ ਗਿਲਾ ਹੈ ਜੀ। ਇਸ ਦੇ ਬਾਵਜੂਦ ਵੀ ਮੈਂ, ਬੀਬੀ ਤਲਵਾੜਾ ਜੀ ਵੱਲੋਂ ਕੀਤੀਆਂ ਹੋਈਆਂ ਪੰਥਕ ਸੇਵਾਵਾਂ ਦੀ ਕਦਰ ਤੇ ਸ਼ਲਾਘਾ ਕਰਦਾ ਹਾਂ ਜੀ। ਮੇਰੀ ਰੀਝ ਹੈ ਕਿ ਮੇਰੀ ਕਲਮ ਬਿਲਕੁਲ ਆਜ਼ਾਦ, ਨਿਰਪੱਖ, ਨਿਰਵੈਰ, ਸੱਚਾਈ, ਦਿਆਨਤਦਾਰੀ, ਇਨਸਾਨੀਅਤ, ਆਦਮੀਅਤ ਅਤੇ ਈਮਾਨਦਾਰੀ ਨਾਲ ਚੱਲਦੀ ਰਹੇ ਤੇ ਸਭਨਾਂ ਗੁਣੀ-ਜਨਾਂ ਦੀ ਅਸੀਸ ਦੀ ਪਾਤਰ ਬਣੇ !

*ਨਾਚੀਜ਼ ਤੇ ਖ਼ਾਕਸਾਰ,*

**ਨਿਰਮਲ ਸਿੰਘ 'ਖ਼ਾਲਸਾ' (ਪਦਮ ਸ਼੍ਰੀ)**